ਨੰਬਰ:ਐੱਫ.ਸੀ.ਏ./ 953

ਮਿਤੀ 12/06/23

ਵੱਲੋਂ ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਸੇਵਾ ਵਿਖੇ ਵਧੀਕ ਪ੍ਰਧਾਨ ਮੁੱਖ ਵਣ ਪਾਲ (ਐੱਫ.ਸੀ)
ਅਤੇ ਨੋਡਲ ਅਫਸਰ (ਐੱਫ.ਸੀ.ਏ.)
ਪੰਜਾਬ, ਐੱਸ.ਏ.ਐੱਸ. ਨਗਰ।

ਵਿਸ਼ਾ: **FP/PB/ Approach/146580/2021**-Diversion area of 0.0013 ha of forest land for approach access road to M/S Jain Bamboo and Wood Works (Saw Mill) Situated at Village Bhunga on Hoshiarpur Road to Dasuya Road, KM 22-23 LHS, Tehsil Bhunga and District Hoshiarpur, under Hoshiarpur Forest Division.

ਹਵਾਲਾ: Govt of India, Ministry of Environment, Forest and Climate Change, IRO, Chandigarh ਜੀ ਦਾ ਪੱਤਰ ਨੰ: 9-PBB321/2023-CHA/I/45035/2023 ਮਿਤੀ 29-05-2023.

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਭਾਰਤ ਸਰਕਾਰ ਵੱਲੋਂ ਹਵਾਲੇ ਅਧੀਨ ਪੱਤਰ ਰਾਹੀਂ ਲਗਾਏ ਗਏ ਇਤਰਾਜਾਂ ਨੂੰ ਲੜੀਵਾਰ ਹੇਠ ਲਿਖੇ ਅਨੁਸਾਰ ਦੂਰ ਕਰਨ ਉਪਰੰਤ ਸੂਚਨਾ ਵਣ ਕੰਜਰਵੇਸ਼ਨ ਐਕਟ ਦੀ ਧਾਰਾ 2 ਅਨੁਸਾਰ ਸਿਫਾਰਸ਼ ਸਹਿਤ ਪ੍ਰਵਾਨਗੀ ਲਈ ਭੇਜੀ ਜਾਂਦੀ ਹੈ ਜੀ:-

2(i) ਯੂਜਰ ਏਜੰਸੀ ਵੱਲੋਂ ਐੱਫ.ਸੀ.ਏ. 1980 ਤਹਿਤ ਪ੍ਰਵਾਨਗੀ ਲੈਣ ਲਈ ਭਾਰਤ ਸਰਕਾਰ ਦੀ ਵੈੱਬਸਾਈਟ ਤੇ ਕੇਸ ਪ੍ਰੋਪੋਜਲ ਨੰਬਰ FP/PB/ROAD/7125/2014 ਅਪਲਾਈ ਕੀਤਾ ਗਿਆ ਸੀ, ਜਿਸ ਵਿੱਚ ਕੁਝ ਦਸਤਾਵੇਜ ਅਧੂਰੇ ਸਨ ਅਤੇ ਯੂਜਰ ਏਜੰਸੀ ਵੱਲੋਂ ਕੇਸ ਗਲਤ ਕੈਟਾਗਰੀ ਵਿੱਚ ਅਪਲਾਈ ਕੀਤਾ ਗਿਆ ਸੀ। ਪ੍ਰੰਤੂ ਕਰੋਨਾ ਕਾਲ ਹੋਣ ਕਰਕੇ ਯੂਜਰ ਏਜੰਸੀ ਵੱਲੋਂ ਇਹ ਤਰੁੱਟੀਆਂ ਸਮੇਂ ਸਿਰ ਦੂਰ ਨਹੀਂ ਕੀਤੀ ਜਾ ਸਕੀਆਂ, ਜਿਸ ਕਾਰਨ ਯੂਜਰ ਏਜੰਸੀ ਵੱਲੋਂ ਦੁਬਾਰਾ ਤੋਂ ਨਵੇਂ ਤੌਰ ਤੇ ਆਨਲਾਇਨ ਪ੍ਰੋਪੋਜਲ ਨੰਬਰ FP/PB/Approach/146580/2021 ਰਾਹੀਂ ਕੇਸ ਅਪਲਾਈ ਕੀਤਾ ਗਿਆ ਸੀ। ਇਸ ਲਈ ਕੇਸ ਭੇਜਣ ਵਿੱਚ ਯੂਜਰ ਏਜੰਸੀ ਵੱਲੋਂ ਦੇਰੀ ਹੋਈ ਹੈ।

2(ii) ਵਣ ਰੇਂਜ ਅਫਸਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਯੂਜਰ ਏਜੰਸੀ ਵੱਲੋਂ ਸਾਈਟ ਤੇ ਕੀਤੀ ਗਈ ਉਲੰਘਣਾ ਸਬੰਧੀ ਵਣ ਗਾਰਡ ਅਤੇ ਬਲਾਕ ਅਫਸਰ ਵੱਲੋਂ ਯੂਜਰ ਏਜੰਸੀ ਖਿਲਾਫ ਇੰਡੀਅਨ ਫਾਰੈਸਟ ਐਕਟ 1927 ਅਧੀਨ ਬਣਦੀ ਕਾਨੂੰਨੀ ਕਾਰਵਾਈ ਕਰਦੇ ਹੋਏ ਡੈਮਜ ਰਿਪੋਰਟ ਨੰਬਰ 1259251 ਮਿਤੀ 22-09-2021 ਰਾਹੀਂ ਜਾਰੀ ਕੀਤੀ ਗਈ ਸੀ, ਜੋਕਿ ਪਹਿਲਾਂ ਵੀ ਆਨਲਾਇਨ ਪਾਰਟ 2 ਵਿੱਚ ਅਪਲੋਡ ਹੈ। ਇਸ ਤੋਂ ਇਲਾਵਾ

ਵਣ ਮੰਡਲ ਦਫਤਰ ਦੇ ਪੱਤਰ ਨੰ: 6727 ਮਿਤੀ 20-03-2023 ਅਤੇ 1289 ਮਿਤੀ 08-06-2023 ਰਾਹੀਂ ਸਬੰਧਤ ਕ੍ਰਮਚਾਰੀਆਂ ਖਿਲਾਫ ਬਣਦੀ ਕਾਰਵਾਈ ਕਰਨ ਲਈ ਲਿਖਿਆ ਗਿਆ ਸੀ, ਜਿਸ ਦੇ ਸਬੰਧ ਵਿੱਚ ਵਣ ਰੇਂਜ ਅਫਸਰ ਹਰਿਆਣਾ ਵੱਲੋਂ ਆਪਣੇ ਪੱਤਰ ਨੰ: 153 ਮਿਤੀ 12-06-2023 ਰਾਹੀਂ ਲਿਖਿਆ ਹੈ ਕਿ ਉਸ ਸਮੇਂ ਦੇ ਵਣ ਰੇਂਜ ਅਫਸਰ, ਵਣ ਬਲਾਕ ਅਫਸਰ ਰਿਟਾਇਰ ਹੋ ਚੁੱਕੇ ਹਨ।

2(iii) ਵਣ ਰੇਂਜ ਅਫਸਰ ਨੇ ਰਿਪੋਰਟ ਕੀਤੀ ਹੈ ਕਿ ਯੂਜਰ ਏਜੰਸੀ ਵੱਲੋਂ 70 ਮੀਟਰ ਰਸਤੇ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਹੈ। ਇਸ ਲੋਕੇਸ਼ਨ ਤੇ ਸਰਕਾਰੀ ਬੂਟੇ/ਪੌਦੇ ਨਹੀਂ ਸਨ, ਜਿਸ ਕਰਕੇ ਇਹ ਜਗ੍ਹਾ ਗੂਗਲ ਅਰਥ ਤੇ ਖਾਲੀ ਦਿਖ ਰਹੀ ਸੀ। ਹੁਣ ਮੌਕੇ ਤੇ ਟਾਲ ਪਲਾਂਟਸ ਲਗਾ ਦਿੱਤੇ ਗਏ ਹਨ ਅਤੇ ਯੂਜਰ ਏਜੰਸੀ ਵੱਲੋਂ ਲਿਖ ਕੇ ਦਿੱਤਾ ਗਿਆ ਹੈ ਕਿ ਉਨ੍ਹਾ ਵੱਲੋਂ ਸਿਰਫ 6 ਮੀਟਰ ਰਸਤੇ ਦੀ ਹੀ ਵਰਤੋਂ ਕੀਤੀ ਜਾਣੀ ਹੈ।

2 (iv) ਪਾਰਟ-2 ਦੇ ਲੜੀ ਨੰਬਰ 7 ਵਿੱਚ distance from strip forest = 0 ਆਨਲਾਇਨ ਅਪਡੇਟ ਕਰ ਦਿੱਤੀ ਗਈ ਹੈ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰ: 954-56 ਮਿਤੀ 12/06/23

ਇਸ ਦੀ ਨਕਲ:-

1) ਵਣ ਪਾਲ ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

2) ਵਣ ਰੇਂਜ ਅਫਸਰ, ਹਰਿਆਣਾ ਨੂੰ ਸੂਚਨਾ ਤੇ ਲੋੜੀਂਦੀ ਜਰੂਰੀ ਕਾਰਵਾਈ ਲਈ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ. 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।

3) **Sh. Rohtash Kumar Jain S/o Sh. Hari Chand, M/s Jain Bamboo & Wood Works, Village Bhunga on Hoshiarpur Road to Dasuya Road, KM 22-23 LHS Tehsil Bhunga & District Hoshiarpur** ( **Email Address: rohtashkj7@gmail.com, Mobile No.: 9417026805)** ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ. 1980 ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।